The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom $95
5 Bedroom $135
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

12 January 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਖੱਟਾ ਸਿੰਘ ਦੀ 'ਮਿੱਠੀ ਗਵਾਹੀ' ਨੇ ਕੀਤਾ ਰਾਮ ਰਹੀਮ ਨੂੰ ਦੋਸ਼ੀ ਕਰਾਰ

☛ ਸਜ਼ਾ ਦਾ ਐਲਾਨ 17 ਜਨਵਰੀ ਨੂੰ ☛ਤਿੰਨ ਹੋਰ ਨੂੰ ਵੀ ਐਲਾਨਿਆ ਦੋਸ਼ੀ ☛ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਹੋਇਆ ਡੇਰਾ ਮੁਖੀ ☛2002 'ਚ ਹੋਈ ਸੀ ਛਤਰਪਤੀ ਦੀ ਹੱਤਿਆ

## 69 ਸਾਲਾ ਇਤਿਹਾਸ 'ਚ ਨਾਲ ਜੁੜੇ ਤਿੰਨ ਸੰਤ, ਰੂਹਾਨੀਅਤ ਦੇ ਸਹਾਰੇ ਬਣਦਾ ਗਿਆ ਕਰੋੜਾਂ ਦਾ ਕਾਰਵਾਂ

ਡੇਰਾ ਸੱਚਾ ਸੌਦਾ ਦਾ ਨਾਂ ਅੱਜ ਦੇਸ਼ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਚਰਚਾ ਦਾ ਸਭ ਤੋਂ ਵੱਡਾ ਕੇਂਦਰ ਬਣਾ ਚੁੱਕਿਆ ਹੈ। ਲੱਖਾਂ ਭਗਤਾਂ ਦਾ ਸਮਰਥਨ ਡੇਰੇ ਨਾਲ ਜੁੜੇ ਅਰਥ ਤੰਤਰ ਨੇ ਜਿਥੇ ਡੇਰੇ ਨੂੰ ਇਨਾ ਵਿਸ਼ਾਲ ਕਰ ਦਿੱਤਾ ਹੈ, ਉਥੇ ਕਈ ਵਿਵਾਦਾਂ ਕਾਰਨ ਵੀ ਇਹ ਚਰਚਾ ਵਿਚ ਹੈ। ਇਨਾ ਸਾਫ ਹੈ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਹਰ ਸਮੇਂ ਚਰਚਾ ਵਿਚ ਬਣੇ ਰਹਿੰਦੇ ਹਨ। ਡੇਰੇ ਦਾ ਇਹ ਸਰੂਪ ਇਸੇ ਤਰ੍ਹਾਂ ਨਹੀਂ ਬਣਿਆ। ਡੇਰਾ ਸੱਚਾ ਸੋਦਾ ਨੇ ਅਧਿਆਤਮਕ ਤੋਂ ਗਲੈਮਰ ਤੱਕ ਦਾ ਲੰਬਾ ਸਫਰ ਕੀਤਾ ਹੈ। ਡੇਰਾ ਮੁਖੀ ਸੌਦਾ ਨੇ 69 ਸਾਲ ਦੇ ਇਤਿਹਾਸ ਵਿਚ ਤਿੰਨ ਸੰਤ ਹੋਏ ਸਿਰਸਾ ਦੇ ਬੇਗੂ ਰੋਡ 'ਤੇ ਸ਼ਹਿਰ ਤੋਂ ਬਾਹਰ ਡੇਰਾ ਸੱਚਾ ਸੌਦਾ ਦੀ ਸਥਾਪਨਾ 1948 ਵਿਚ ਸ਼ਾਹ ਮਸਤਾਨਾ ਨੇ ਕੀਤਾ ਸੀ। ਸਿਆਸਤ ਵਿਚ ਵੀ ਡੇਰੇ ਦਾ ਆਪਣਾ ਸਿਆਸੀ ਦਖ਼ਲ ਹੈ। ਆਪਣਾ ਸਿਆਸੀ ਵਿੰਗ ਹੈ ਤੇ ਇਹ ਵੱਖ ਵੱਖ ਪਾਰਟੀਆਂ ਨੂੰ ਸਿਆਸੀ ਸਮਰਥਨ ਦਾ ਫੈਸਲਾ ਲੈਂਦਾ ਹੈ।

ਪੰਚਕੂਲਾ, -ਹਰਿਆਣਾ ਦੇ ਸਿਰਸਾ ਵਿਚ ਕਰੀਬ 16 ਸਾਲ ਪਹਿਲਾਂ ਪੱਤਰਕਾਰ ਰਾਮਚੰਦਰ ਛਤਰਪਤੀ ਹੱਤਿਆ ਮਾਮਲੇ ਵਿਚ ਸ਼ੁੱਕਰਵਾਰ ਨੂੰ ਸੀ. ਬੀ. ਆਈ. ਅਦਾਲਤ ਵਿਚ ਜੱਜ ਜਗਦੀਪ ਸਿੰਘ ਨੇ ਅਹਿਮ ਫ਼ੈਸਲਾ ਸੁਣਾਉਂਦਿਆਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਮੇਤ ਕਿਸ਼ਨ ਲਾਲ, ਕੁਲਦੀਪ ਸਿੰਘ ਅਤੇ ਨਿਰਮਲ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਹੈ ਜਦਕਿ ਇਸ ਸਬੰਧੀ ਦੋਸ਼ੀਆਂ ਨੂੰ 17 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ ? ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਅੱਜ ਤਿੰਨੋਂ ਦੋਸ਼ੀਆਂ ਕਿ ?ਸ਼ਨ ਲਾਲ, ਨਿਰਮਲ ਸਿੰਘ ਤੇ ਕੁਲਦੀਪ ਸਿੰਘ ਨੂੰ ਪੁਲਿਸ ਵਲੋਂ ਗਿ ?ਫ਼ਤਾਰ ਕਰ ਲਿਆ ਗਿਆ ਕਿਉਂਕਿ ਉਹ ਪਹਿਲਾਂ ਅਦਾਲਤ ਤੋਂ ਜ਼ਮਾਨਤ 'ਤੇ ਚੱਲ ਰਹੇ ਸਨ ? ਇਨ੍ਹਾਂ ਸਾਰਿਆਂ ਦਾ ਅੰਬਾਲਾ ਵਿਖੇ ਮੈਡੀਕਲ ਕਰਵਾਉਣ ਉਪਰੰਤ ਜੇਲ੍ਹ ਭੇਜ ਦਿੱਤਾ ਗਿਆ ? ਜ਼ਿਕਰਯੋਗ ਹੈ ਕਿ ਇਹ ਪੰਚਕੂਲਾ ਦੀ ਉਹੀ ਅਦਾਲਤ ਹੈ, ਜਿੱਥੇ ਡੇਢ ਸਾਲ ਪਹਿਲਾਂ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ਸਬੰਧੀ ਰਾਮ ਰਹੀਮ ਨੂੰ ਸਜ਼ਾ ਸੁਣਾਈ ਗਈ ਸੀ ? ਇਸ ਤੋਂ ਇਲਾਵਾ ਖਾਸ ਗੱਲ ਇਹ ਵੀ ਹੈ ਕਿ ਅੱਜ ਛਤਰਪਤੀ ਮਾਮਲੇ ਦਾ ਫ਼ੈਸਲਾ ਕਰਨ ਵਾਲੇ ਜੱਜ ਜਗਦੀਪ ਸਿੰਘ, ਵਕੀਲ ਤੇ ਦੋਸ਼ੀ ਵੀ ਉਹੀ ਹਨ, ਪਰ ਅੱਜ ਮਾਮਲਾ ਮਰਹੂਮ ਪੱਤਰਕਾਰ ਰਾਮਚੰਦਰ ਛਤਰਪਤੀ ਦੇ ਕਤਲ ਦਾ ਹੈ ? ਪੱਤਰਕਾਰ ਰਾਮਚੰਦਰ ਛਤਰਪਤੀ ਦੀ ਹੱਤਿਆ ਸਾਲ 2002 ਵਿਚ ਕੀਤੀ ਗਈ ਸੀ ? ਇਸ ਮਾਮਲੇ ਵਿਚ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਸਹਿ-ਦੋਸ਼ੀ ਬਣਾਇਆ ਗਿਆ ਹੈ ? ਪਹਿਲਾਂ ਹਰਿਆਣਾ ਪੁਲਿਸ ਅਤੇ ਬਾਅਦ ਵਿਚ ਸੀ. ਬੀ. ਆਈ. ਨੇ ਇਸ ਮਾਮਲੇ ਦੀ ਜਾਂਚ ਕੀਤੀ ? ਰਾਮ ਰਹੀਮ ਇਸ ਸਮੇਂ ਸਾਧਵੀ ਸਰੀਰਕ ਸ਼ੋਸ਼ਣ ਦੇ ਦੋਸ਼ ਅਧੀਨ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ ? ਸੀ. ਬੀ. ਆਈ. ਅਦਾਲਤ ਨੇ ਛਤਰਪਤੀ ਹੱਤਿਆਕਾਂਡ ਵਿਚ ਸਜ਼ਾ ਸੁਣਾਉਦੇ ਸਮੇਂ ਰਾਮ ਰਹੀਮ ਨੂੰ ਵਿਅਕਤੀਗਤ ਰੂਪ ਵਿਚ ਪੇਸ਼ ਹੋਣ ਦੇ ਹੁਕਮ ਜਾਰੀ ਕੀਤੇ ਸਨ, ਪਰ ਹਰਿਆਣਾ ਸਰਕਾਰ ਨੇ ਸਾਲ 2017 ਵਿਚ ਰਾਮ ਰਹੀਮ ਨੂੰ ਸਰੀਰਕ ਸ਼ੋਸ਼ਣ ਦੇ ਦੋਸ਼ ਵਿਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਪੈਦਾ ਹੋਏ ਹਿੰਸਕ ਹਾਲਾਤ ਦਾ ਹਵਾਲਾ ਦਿੰਦਿਆਂ ਰਾਮ ਰਹੀਮ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਕਰਨ ਲਈ ਅਪੀਲ ਕੀਤੀ ਸੀ, ਜਿਸ ਨੂੰ ਅਦਾਲਤ ਵਲੋਂ ਮਨਜ਼ੂਰ ਕਰ ਲਿਆ ਗਿਆ ਸੀ ? ਇਸ ਦੇ ਬਾਵਜੂਦ ਹਰਿਆਣਾ ਪੁਲਿਸ ਨੇ ਅਦਾਲਤ ਦੇ ਫ਼ੈਸਲੇ ਦੇ ਮੱਦੇਨਜ਼ਰ ਪੰਚਕੂਲਾ, ਸਿਰਸਾ, ਰੋਹਤਕ, ਕੈਥਲ, ਫਤਿਹਾਬਾਦ ਸਮੇਤ ਅੱਧਾ ਦਰਜਨ ਜ਼ਿਲ੍ਹੇ ਵਿਚ ਹਾਈ ਅਲਰਟ ਜਾਰੀ ਕਰਨ ਤੋਂ ਇਲਾਵਾ ਸਿਰਸਾ, ਪੰਚਕੂਲਾ ਅਤੇ ਕੈਥਲ ਵਿਚ ਵਾਧੂ ਪੁਲਿਸ ਤਾਇਨਾਤ ਕੀਤੀ ਸੀ ? ਉਧਰ ਪੰਚਕੂਲਾ ਸਥਿਤ ਸੀ. ਬੀ. ਆਈ. ਅਦਾਲਤ ਵੱਲ ਜਾਣ ਵਾਲੇ ਸਾਰੇ ਰਸਤਿਆਂ 'ਤੇ ਪੁਲਿਸ ਤਾਇਨਾਤ ਕਰ ਦਿੱਤੀ ਗਈ ਸੀ ਅਤੇ ਹਰਿਆਣਾ ਦੇ ਏ. ਡੀ. ਜੀ. ਪੀ. ਆਪ੍ਰੇਸ਼ਨ ਏ. ਐੱਸ. ਚਾਵਲਾ ਅਨੁਸਾਰ 25 ਅਗਸਤ, 2017 ਨੂੰ ਹੋਏ ਘਟਨਾਕ੍ਰਮ ਨੂੰ ਧਿਆਨ ਵਿਚ ਰੱਖਦਿਆਂ ਸੰਵੇਦਨਸ਼ੀਲ ਜ਼ਿਲ੍ਹਿਆਂ ਵਿਚ ਵਾਧੂ ਪੁਲਿਸ ਬਲ ਤਾਇਨਾਤ ਕੀਤੇ ਗਏ ਸਨ ? ਉਨ੍ਹਾਂ ਦੱਸਿਆ ਕਿ ਸਾਰੇ ਜ਼ਿਲ੍ਹਿਆਂ ਵਿਚ ਪੁਲਿਸ ਨੂੰ ਪੈਟਰਿਲੰਗ ਕਰਨ ਅਤੇ ਨਾਕਾਬੰਦੀ ਕਰਨ ਦੇ ਹੁਕਮ ਵੀ ਦਿੱਤੇ ਗਏ ਸਨ ਅਤੇ ਸੁਰੱਖਿਆ ਪ੍ਰਬੰਧਾਂ ਦੇ ਚਲਦਿਆਂ ਧਾਰਾ 144 ਵੀ ਲਾਗੂ ਕੀਤੀ ਗਈ ਸੀ ਅਤੇ ਇਸ ਦੇ ਨਾਲ ਹੀ ਅਦਾਲਤ 'ਚ ਸੁਰੱਖਿਆ ਦੇ ਮੱਦੇਨਜ਼ਰ 500 ਤੋਂ ਵੱਧ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਸੀ ? ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਿਆਂ ਦੇ ਪੁਲਿਸ ਕਰਮਚਾਰੀਆਂ ਦੀਆਂ ਛੁੱਟੀਆਂ ਪਹਿਲਾਂ ਹੀ ਰੱਦ ਕਰ ਦਿੱਤੀਆਂ ਗਈਆਂ ਸਨ ?




## ਸੜਕ 'ਤੇ ਪਏ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾ ਕੇ ਚਰਚਾ 'ਚ ਆਏ ਸਨ ਜੱਜ ਜਗਦੀਪ ਸਿੰਘ

ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਦੂਜੀ ਵਾਰ ਸਜ਼ਾ ਸੁਣਾਉਣ ਵਾਲੇ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਦੇ ਜੱਜ ਜਗਦੀਪ ਸਿੰਘ ਕਰੀਬ ਤਿੰਨ ਸਾਲ ਪਹਿਲਾਂ ਉਸ ਸਮੇਂ ਚਰਚਾ ਵਿਚ ਆਏ ਸਨ, ਜਦੋਂ ਜੱਜ ਜਗਦੀਪ ਸਿੰਘ ਨੇ ਸੜਕ 'ਤੇ ਪਏ ਜ਼ਖ਼ਮੀਆਂ ਨੂੰ ਆਪਣੀ ਗੱਡੀ ਵਿਚ ਹਸਪਤਾਲ ਪਹੁੰਚਾਇਆ ਸੀ ? ਜੱਜ ਜਗਦੀਪ ਸਿੰਘ ਮੂਲ ਰੂਪ ਵਿਚ ਹਰਿਆਣਾ ਦੇ ਜੀਂਦ ਜ਼ਿਲ੍ਹਾ ਦੇ ਪਿੰਡ ਰਾਜਪੁਰਾ ਭੈਣ ਦੇ ਵਾਸੀ ਹਨ ਤੇ ਉਹ ਸਾਲ 2017 ਵਿਚ ਉਸ ਸਮੇਂ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਵਿਚ ਆਏ ਜਦੋਂ ਉਨ੍ਹਾਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਸਾਧਵੀ ਸਰੀਰਕ ਸ਼ੋਸ਼ਣ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਸਜ਼ਾ ਸੁਣਾਈ ਸੀ। ਦੱਸਣਯੋਗ ਹੈ ਕਿ ਜੱਜ ਜਗਦੀਪ ਸਿੰਘ ਏ. ਡੀ. ਜੀ. ਪੱਧਰ ਦੇ ਨਿਆਇਕ ਅਧਿਕਾਰੀ ਹਨ ਤੇ ਉਹ 2012 ਵਿਚ ਨਿਆਇਕ ਸੇਵਾ ਵਿਚ ਆਏ ਸਨ । ਇਸ ਤੋਂ ਪਹਿਲਾਂ ਜੱਜ ਜਗਦੀਪ ਸਿੰਘ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਕ੍ਰਿਮੀਨਲ ਮਾਮਲਿਆਂ ਦੇ ਵਕੀਲ ਦੇ ਰੂਪ ਵਿਚ ਵੀ ਸੇਵਾ ਨਿਭਾਅ ਚੁੱਕੇ ਹਨ । ਅੱਜ ਵੀ ਉਹ ਆਪਣੇ ਜੱਦੀ ਪਿੰਡ ਵਿਖੇ ਜਾ ਕੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਦੇ ਹਨ ?

## ਅੰਸ਼ੁਲ ਛਤਰਪਤੀ ਨੇ ਅਦਾਲਤ ਸਮੇਤ ਸੀ.ਬੀ. ਆਈ. ਅਧਿਕਾਰੀਆਂ ਦਾ ਕੀਤਾ ਧੰਨਵਾਦ




ਪੱਤਰਕਾਰ ਰਾਮਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਅਦਾਲਤ ਦੇ ਫ਼ੈਸਲੇ 'ਤੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪਿਤਾ ਦੇ ਹੱਤਿਆਰਿਆਂ ਨੂੰ ਫਾਂਸੀ ਦੀ ਸਜ਼ਾ ਹੋਣੀ ਚਾਹੀਦੀ ਹੈ ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 16 ਸਾਲ ਬਾਅਦ ਅਦਾਲਤ ਤੋਂ ਇਨਸਾਫ਼ ਦੀ ਉਮੀਦ ਸੀ ? ਅਦਾਲਤ ਵਲੋਂ ਫ਼ੈਸਲਾ ਸੁਣਾਏ ਜਾਣ ਮੌਕੇ ਆਪਣੀਆਂ ਭਾਵਨਾਵਾਂ ਨੂੰ ਉਜਾਗਰ ਕਰਦੇ ਹੋਏ ਅਦਾਲਤ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤ ਨੇ ਉਨ੍ਹਾਂ ਦੇ ਸੰਘਰਸ਼ ਵਿਚ ਪੂਰਾ ਸਾਥ ਦਿੱਤਾ ਹੈ ।ਉਨ੍ਹਾਂ ਗਵਾਹਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਇੰਨੇ ਦਬਾਅ ਦੇ ਬਾਵਜੂਦ ਗਵਾਹੀ ਦਿੱਤੀ ਹੈ । ਇਸ ਦੇ ਨਾਲ-ਨਾਲ ਉਨ੍ਹਾਂ ਸੀ. ਬੀ. ਆਈ. ਅਧਿਕਾਰੀਆਂ ਦੀ ਟੀਮ ਦਾ ਵੀ ਧੰਨਵਾਦ ਕੀਤਾ।

## ਅਹਿਮ ਸਾਬਤ ਹੋਈ ਖੱਟਾ ਸਿੰਘ ਦੀ ਗਵਾਹੀ

ਚੰਡੀਗੜ੍ਹ, -ਇਸ ਮਾਮਲੇ 'ਚ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਦੀ ਗਵਾਹੀ ਬੇਹੱਦ ਅਹਿਮ ਰਹੀ। ਅਦਾਲਤ ਵਲੋਂ ਫ਼ੈਸਲਾ ਸੁਣਾਏ ਜਾਣ ਤੋਂ ਬਾਅਦ ਖੱਟਾ ਸਿੰਘ ਨੇ ਕਿਹਾ ਕਿ ਗੁਰਮੀਤ ਰਾਮ ਰਹੀਮ ਨੂੰ ਜਦੋਂ ਅਦਾਲਤ 'ਚ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਕੀਤਾ ਗਿਆ ਤਾਂ ਉਸ ਦਾ ਚਿਹਰਾ ਲਟਕਿਆ ਹੋਇਆ ਸੀ ਤੇ ਲਗਾਤਾਰ ਜ਼ਮੀਨ ਵੱਲ ਵੇਖ ਰਿਹਾ ਸੀ ।ਉਨ੍ਹਾਂ ਦੱਸਿਆ ਕਿ ਜਦੋਂ ਅਦਾਲਤ ਨੇ ਰਾਮ ਰਹੀਮ ਨੂੰ ਫ਼ੈਸਲੇ ਬਾਰੇ ਦੱਸਿਆ ਤਾਂ ਉਸ ਨੂੰ ਕੁਝ ਵੀ ਸਮਝ ਨਹੀਂ ਆਇਆ। ਇਸ ਤੋਂ ਬਾਅਦ ਜੱਜ ਨੇ ਉੱਚੀ ਆਵਾਜ਼ 'ਚ ਕਿਹਾ ਕਿ ਤੈਨੂੰ ਹੱਤਿਆ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਸਮਝ ਆਈ ਤੇ ਉਹ ਮੂੰਹ ਲਟਕਾ ਕੇ ਚੁੱਪਚਾਪ ਖੜ੍ਹਾ ਰਿਹਾ। ਖੱਟਾ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਸ ਦੇ ਸਾਹਮਣੇ ਹੀ ਰਾਮ ਰਹੀਮ ਨੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਸਿੰਘ ਨੂੰ ਪੱਤਰਕਾਰ

ਰਾਮਚੰਦਰ ਛਤਰਪਤੀ ਦੀ ਹੱਤਿਆ ਕਰਨ ਦਾ ਆਦੇਸ਼ ਦਿੱਤਾ ਸੀ ।ਉਨ੍ਹਾਂ ਦੱਸਿਆ ਕਿ ਜਦੋਂ 23 ਅਕਤੂਬਰ 2002 ਨੂੰ ਰਾਮ ਰਹੀਮ ਜਲੰਧਰ ਤੋਂ ਸਤਸੰਗ ਖ਼ਤਮ ਕਰਕੇ ਵਾਪਸ ਸਿਰਸਾ ਪਹੁੰਚਿਆ ਤਾਂ ਕ੍ਰਿਸ਼ਨ ਲਾਲ ਨੇ ਉਸ ਨੂੰ ਛਤਰਪਤੀ ਦਾ ਅਖ਼ਬਾਰ ਵਿਖਾਇਆ, ਜਿਸ 'ਚ ਉਸ ਨੇ ਸਾਧਵੀਆਂ ਨਾਲ ਸਰੀਰਕ ਸ਼ੋਸ਼ਣ ਦੀ ਖ਼ਬਰ ਛਾਪੀ ਸੀ ? ਇਸ ਖ਼ਬਰ ਨਾਲ ਗੁੱਸੇ 'ਚ ਆ ਕੇ ਰਾਮ ਰਹੀਮ ਨੇ ਉਸ ਦੇ ਸਾਹਮਣੇ ਕ੍ਰਿਸ਼ਨ ਲਾਲ, ਕੁਲਦੀਪ ਤੇ ਨਿਰਮਲ ਨੂੰ ਆਦੇਸ਼ ਦਿੱਤਾ ਕਿ ਪੱਤਰਕਾਰ ਛਤਰਪਤੀ ਨੂੰ ਮੌਤ ਦੇ ਘਾਟ ਉਤਾਰ ਦਿਓ ਤੇ 24 ਅਕਤੂਬਰ ਨੂੰ ਕ੍ਰਿਸ਼ਨ ਲਾਲ ਦੀ ਲਾਇਸੈਂਸੀ ਰਿਵਾਲਵਰ ਨਾਲ ਗੋਲੀਆਂ ਮਾਰ ਕੇ ਛਤਰਪਤੀ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਗਿਆ ਤੇ ਕੁਝ ਦਿਨਾਂ ਬਾਅਦ ਹਸਪਤਾਲ 'ਚ ਉਸ ਦੀ ਮੌਤ ਹੋ ਗਈ ?



ਗਵਾਹ ਬਣਨ ਤੋਂ ਬਾਅਦ ਉਸ ਨੂੰ ਲਗਾਤਾਰ ਧਮਕੀਆਂ ਮਿਲਦੀਆਂ ਰਹੀਆਂ ? ਸਰੀਰਕ ਸ਼ੋਸ਼ਣ ਮਾਮਲੇ 'ਚ ਖੱਟਾ ਸਿੰਘ ਨੇ ਦੁਬਾਰਾ ਗਵਾਹੀ ਕਰਵਾਉਣ ਦੀ ਅਦਾਲਤ ਨੂੰ ਅਪੀਲ ਕੀਤੀ ਤੇ ਉਸ ਦੇ ਦੁਬਾਰਾ ਗਵਾਹੀ ਦੇਣ ਕਾਰਨ ਹੀ ਰਾਮ ਰਹੀਮ ਨੂੰ ਸਜ਼ਾ ਮਿਲੀ। ਅੱਜ ਅਦਾਲਤ ਦੇ ਫ਼ੈਸਲੇ ਤੋਂ ਬਾਅਦ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਖੱਟਾ ਸਿੰਘ ਨੇ ਕਿਹਾ ਕਿ ਪੱਤਰਕਾਰ ਹੱਤਿਆ ਮਾਮਲੇ 'ਚ ਰਾਮ ਰਹੀਮਾਂ ਖ਼ਿਲਾਫ਼ ਗਵਾਹ ਬਣਨ ਤੋਂ ਬਾਅਦ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਭਾਰੀ ਦਬਾਅ 'ਚੋਂ ਲੰਘਣਾ ਪਿਆ ? ਉਨ੍ਹਾਂ ਕਿਹਾ ਕਿ ਇਸ ਕਾਰਨ ਉਨ੍ਹਾਂ ਦੀ ਜ਼ਿੰਦਗੀ ਮੌਤ ਤੋਂ ਵੀ ਬਦਤਰ ਹੋ ਗਈ ਸੀ। ਉਨ੍ਹਾਂ ਅਦਾਲਤ ਤੋਂ ਚਾਰੇ ਦੋਸ਼ੀਆਂ ਨੂੰ ਵੱਧ ਤੋਂ ਵੱਧ ਸਜ਼ਾ ਦੇਣ ਦੀ ਮੰਗ ਕੀਤੀ ਤਾਂ ਜੋ ਕੋਈ ਵੀ ਇਸ ਤਰ੍ਹਾਂ ਦਾ ਕਾਰਾ ਕਰਨ ਤੋਂ ਪਹਿਲਾਂ ਲੱਖ ਵਾਰ ਸੋਚੇ ।

## ਸਜ਼ਾ ਸੁਣਾਏ ਜਾਣ ਲਈ ਅਜੇ ਥਾਂ ਦੀ ਹੋਵੇਗੀ ਚੋਣ

ਇਸ ਮੌਕੇ ਸੀ. ਬੀ. ਆਈ. ਦੇ ਵਕੀਲ ਐੱਚ. ਪੀ. ਐੱਸ. ਵਰਮਾ ਨੇ ਦੱਸਿਆ ਕਿ ਅਦਾਲਤ ਵਲੋਂ ਰਾਮ ਰਹੀਮ ਅਤੇ ਉਸ ਦੇ ਸਾਥੀਆਂ ਕਿਸ਼ਨ ਲਾਲ, ਕੁਲਦੀਪ ਅਤੇ ਨਿਰਮਲ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ, ਜਦਕਿ ਇਸ ਸਬੰਧੀ 17 ਜਨਵਰੀ ਨੂੰ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾਵੇਗੀ ? ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਸੁਣਾਉਂਦੇ ਸਮੇਂ ਦੋਸ਼ੀਆਂ ਦਾ ਮੌਕੇ 'ਤੇ ਮੌਜੂਦ ਹੋਣਾ ਲਾਜ਼ਮੀ ਹੁੰਦਾ ਹੈ ? ਇਸ ਲਈ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਦੀ ਥਾਂ ਅਦਾਲਤ ਵਲੋਂ ਨਿਰਧਾਰਤ ਕੀਤੀ ਜਾਵੇਗੀ, ਜੋ ਅਜੇ ਨਿਰਧਾਰਤ ਕੀਤੀ ਜਾਣੀ ਹੈ ? ਉਨ੍ਹਾਂ ਕਿਹਾ ਕਿ ਜ਼ਿਲ੍ਹਾ ਅਟਾਰਨੀ ਵਲੋਂ ਅਜੇ ਅਦਾਲਤ ਵਿਚ ਇਸ ਬਾਰੇ ਪ੍ਰਬੰਧ ਕਰਨ ਸਬੰਧੀ ਅਰਜ਼ੀ ਦਿੱਤੀ ਗਈ ਹੈ ? ਸਜ਼ਾ ਬਾਰੇ ਪੁੱਛੇ ਸਵਾਲ ਉੱਤੇ ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਇਸ ਮਾਮਲੇ ਵਿਚ ਮੌਤ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ ? ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਦੌਰਾਨ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਹੋਏ ਰਾਮ ਰਹੀਮ ਸ਼ਾਂਤ ਨਜ਼ਰ ਆ ਰਹੇ ਸਨ।

## ਡੇਰਾ ਪ੍ਰਬੰਧਕਾਂ ਵਲੋਂ ਸ਼ਾਂਤੀ ਬਣਾਏ ਰੱਖਣ ਦੀ ਅਪੀਲ

ਸੀ. ਬੀ. ਆਈ. ਅਦਾਲਤ ਵਲੋਂ ਪੱਤਰਕਾਰ ਰਾਮਚੰਦਰ ਛਤਰਪਤੀ ਹੱਤਿਆਕਾਂਡ ਵਿਚ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਡੇਰਾ ਸੱਚਾ ਸੌਦਾ ਪ੍ਰਬੰਧਕ ਅਤੇ ਚੇਅਰਪਰਸਨ ਸ਼ੋਭਾ ਇੰਸਾਂ ਨੇ ਅੱਜ ਇਕ ਟਵੀਟ ਕਰਕੇ ਡੇਰੇ ਨਾਲ ਜੁੜੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਸ਼ੁੱਕਰਵਾਰ ਨੂੰ ਉਹ ਆਪਣੇ-ਆਪਣੇ ਘਰਾਂ ਵਿਚ ਰਹਿਣ ਅਤੇ ਨਾਮ ਸਿਮਰਨ ਕਰਨ ? ਉਨ੍ਹਾਂ ਟਵੀਟ ਵਿਚ ਲਿਖਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ 'ਤੇ ਪੂਰਨ ਭਰੋਸਾ ਹੈ ? ਉਨ੍ਹਾਂ ਟਵੀਟ ਵਿਚ ਸੰਗਤ ਨੂੰ ਅਪੀਲ ਕੀਤੀ ਕਿ ਸਾਰਿਆਂ ਨੇ ਪਿਤਾ ਜੀ ਦੇ ਵਚਨਾਂ 'ਤੇ ਚਲਦਿਆਂ ਪ੍ਰੇਮ ਤੇ ਸ਼ਾਂਤੀ ਬਣਾਈ ਰੱਖਣੀ ਹੈ ਤੇ ਕਿਸੇ ਵੀ ਅਫ਼ਵਾਹ ਤੋਂ ਗੁੰਮਰਾਹ ਨਹੀਂ ਹੋਣਾ ?

## ਸੁਣਵਾਈ ਦੌਰਾਨ ਅਦਾਲਤ ਦੇ ਨਾਲ ਲਗਦੇ ਨਾਲੇ 'ਚੋਂ ਨਿਕਲਿਆ 10 ਫੁੱਟ ਦਾ ਅਜਗਰ

ਪੱਤਰਕਾਰ ਰਾਮਚੰਦਰ ਛਤਰਪਤੀ ਦੇ ਹੱਤਿਆਕਾਂਡ ਸਬੰਧੀ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਵਿਚ ਚੱਲ ਰਹੀ ਸੁਣਵਾਈ ਦੌਰਾਨ ਅਦਾਲਤ ਦੇ ਬਿਲਕੁਲ ਨਾਲ ਲਗਦੇ ਸੁੱਕੇ ਨਾਲੇ ਵਿਚ ਇਕ ਕਰੀਬ 10 ਫੁੱਟ ਦਾ ਅਜਗਰ ਨਿਕਲਣ ਕਾਰਨ ਜਿੱਥੇ ਅਦਾਲਤ ਦੇ ਬਾਹਰ ਖੜ੍ਹੇ ਮੀਡੀਆ ਕਰਮੀਆਂ ਦਾ ਧਿਆਨ ਅਜਗਰ ਵੱਲ ਖਿੱਚਿਆ ਗਿਆ, ਉੱਥੇ ਹੀ ਅਦਾਲਤ ਦੇ ਬਾਹਰ ਜਮ੍ਹਾਂ ਹੋਈ ਭੀੜ ਅਜਗਰ ਨੂੰ ਦੇਖਣ ਲਈ ਉਮੜ ਗਈ।